ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030216
Available online at: www.armaan.org.in
DOI: https://doi.org/10.64119/armaan.vol.3.issue2.16

# 'SULAN DA SAALNU' KAHANI SANGRAH VICH PESH SAMAJ-SABHYACHAR DA SAMAJIK PAKH

# 'ਸੂਲਾਂ ਦਾ ਸਾਲਣੁ' ਕਹਾਣੀ ਸੰਗ੍ਰਹਿ ਵਿਚ ਪੇਸ਼ ਸਮਾਜ-ਸਭਿਆਚਾਰ ਦਾ ਸਮਾਜਿਕ ਪੱਖ

ਡਾ. ਸ਼ਾਲੂ ਰਾਣੀ (Dr. Shallu Rani)
ਅਸਿਸਟੈਂਟ ਪ੍ਰੋਫ਼ੈਸਰ (Assistant Professor)
ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ (ਪੰਜਾਬ)
Email ID: shallurani.185@gmail.com ਮੋਬਾਈਲ: +91-73550-56311

**ਸਾਰ (Abstract)**

*ਖ਼ਾਲਿਦ ਹੁਸੈਨ ਡੋਗਰੀ ਸਭਿਆਚਾਰ ਨਾਲ ਸੰਬੰਧ ਰੱਖਣ ਵਾਲਾ ਪੰਜਾਬੀ ਵਿਚ ਕਹਾਣੀਆਂ ਲਿਖਣ ਵਾਲਾ ਇਕ ਪ੍ਰਸਿੱਧ ਕਹਾਣੀਕਾਰ ਹੈ। ਖ਼ਾਲਿਦ ਹੁਸੈਨ ਕਸ਼ਮੀਰ ਸੰਕਟ ਤੋਂ ਪੈਦਾ ਹੋਈਆਂ ਸਮੱਸਿਆਵਾਂ ਅਤੇ ਭਾਰਤ-ਪਾਕ ਸੰਬੰਧਾਂ ਦੀ ਪੇਸ਼ਕਾਰੀ ਕਰਨ ਕਰਕੇ ਪੰਜਾਬੀ ਕਹਾਣੀ ਜਗਤ ਵਿੱਚ ਇਕ ਵਿਲੱਖਣ ਸਥਾਨ ਰੱਖਦਾ ਹੈ। ਉਸਨੇ ਅੱਖੀ ਦੇਖੇ ਅਤੇ ਹੱਡੀ ਹੰਢਾਏ ਸੱਚ ਨੂੰ ਆਪਣੀ ਕਹਾਣੀ ਸਿਰਜਣਾ ਦਾ ਆਧਾਰ ਬਣਾਇਆ ਹੈ। ਉਸਨੇ ਆਪਣੇ ਕਹਾਣੀ ਸੰਗ੍ਰਹਿ 'ਸੂਲਾਂ ਦਾ ਸਾਲਣੂ' ਵਿੱਚ ਸ਼ਾਮਲ ਕਹਾਣੀਆਂ ਵਿੱਚ ਕਸ਼ਮੀਰ ਸੰਕਟ ਨੂੰ ਨਿਰੋਲ ਰਾਜਸੀ ਸਮੱਸਿਆਵਾਂ ਵੱਜੋਂ ਚਿਤਰਿਆ ਹੈ। ਉਸਨੇ ਹਰ ਰੋਜ ਦੀ ਜ਼ਿੰਦਗੀ ਵਿਚ ਡਿੱਗ ਰਹੀਆਂ ਕਦਰਾਂ-ਕੀਮਤਾਂ ਦੀ ਅਤੇ ਭਾਈਚਾਰਕ ਸਾਂਝ ਆਲੋਪ ਹੋ ਜਾਣ ਦੀ ਬਾਤ ਪਾਈ ਹੈ। ਉਹ ਆਰਥਿਕ, ਸਾਮਾਜਿਕ ਅਤੇ ਰਾਜਨੀਤਿਕ ਸਥੀਤਿਆਂ ਦੀ ਪੇਸ਼ਕਾਰੀ ਕਰਦਾ ਹੋਇਆ ਸਥਿਤੀ ਵਿਸ਼ੇਸ ਤੋਂ ਉਤਪੰਨ ਦਰਦ ਸੰਤਾਪ ਨੂੰ ਗਹਿਰੇ ਮਾਨਵੀ ਸੰਦਰਭਾਂ ਵਿੱਚ ਚਿਤਰਦਾ ਹੈ। ਉਸ ਦੀਆਂ ਕਹਾਣੀਆਂ ਮਨੁੱਖੀ ਚਿਤਰਕ ਉਸਾਰੀ ਲਈ ਅਤੇ ਮਾਨਸਿਕ ਤੱਸਲੀ ਲਈ ਪੂੰਜੀਵਾਦੀ ਸਮਾਜ ਦੀਆਂ ਕਦਰਾਂ ਕੀਮਤਾਂ ਦਾ ਨਿਰਾਰਥਕ ਭੂਮਿਕਾ ਨਿਭਾਉਣਾ ਇਸ ਸਮਾਜ ਦੇ ਅਸਲ ਯਥਾਰਥ ਦੀ ਝਾਕੀ ਨੂੰ ਪੇਸ਼ ਕਰਦੀਆਂ ਹਨ। ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਕਹਾਣੀਕਾਰ ਨੇ ਇਸ ਕਹਾਣੀ ਸੰਗ੍ਰਹਿ ਵਿੱਚ ਧਰਮ ਨਿਰਪੱਖ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਇਤਿਹਾਸ ਦੀ ਬਹੁਤ ਵੱਡੀ ਤ੍ਰਾਸਦੀ ਨੂੰ ਪੇਸ਼ ਕੀਤਾ ਹੈ। ਲੋਕਾਂ ਦੁਆਰਾ ਭੋਗਿਆ ਸੰਤਾਪ, ਹਾਕਮ ਜਮਾਤ ਵੱਲੋਂ ਦਿੱਤੇ ਤਸੀਹੇ, ਉਸ ਸਮੇਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਹਾਲਾਤ ਅਤੇ ਲੋਕਾਂ ਦੀਆਂ ਮਜਬੂਰੀਆਂ, ਟੁੱਟਦਾ ਹੋਇਆ ਭਾਈਚਾਰਾ, ਨਫ਼ਰਤ, ਆਤੰਕਵਾਦ ਅਤੇ ਪੁਲਿਸ ਦੇ ਅਣਮਨੁੱਖੀ ਵਿਵਹਾਰ ਅਤੇ ਉਸ ਸਮੇਂ ਦੇ ਸਮਾਜ ਦੀ ਯਥਾਰਥਕ ਤਸਵੀਰ ਨੂੰ ਖ਼ਾਲਿਦ ਹੁਸੈਨ ਇਸ ਸੰਗ੍ਰਹਿ ਦੀਆਂ ਕਹਾਣੀਆਂ ਰਾਹੀਂ ਸਾਡੇ ਸਾਹਮਣੇ ਲਿਆਉਂਦਾ ਹੈ।*

***ਕੀਵਰਡ (Keyword): ਪੰਜਾਬੀ ਸਾਹਿਤ, ਖ਼ਾਲਿਦ ਹੁਸੈਨ, ਕਹਾਣੀ, ਸੂਲਾਂ ਦਾ ਸਾਲਣੁ, ਸਮਾਜ ਸਭਿਆਚਾਰ, ਸਮਾਜਿਕ।***

ਖ਼ਾਲਿਦ ਹੁਸੈਨ ਪੰਜਾਬੀ ਸਾਹਿਤ ਜਗਤ ਦਾ ਪ੍ਰਸਿੱਧ ਹਸਤਾਖਰ ਹੈ। ਪੰਜਾਬੀ ਸਾਹਿਤ ਵਿਚ ਉਸਦੀ ਪਛਾਣ ਇਕ ਕਹਾਣੀਕਾਰ ਵਜੋਂ ਪ੍ਰਪੱਕ ਹੋ ਚੁੱਕੀ ਹੈ। ਉਸਨੇ ਹੁਣ ਤੱਕ ਪੰਜ ਕਹਾਣੀ ਸੰਗ੍ਰਹਿ (ਜਿਹਲਮ ਵਗਦਾ ਰਿਹਾ, ਗੋਰੀ ਫ਼ਸਲ ਦੇ ਸੌਦਾਗਰ, ਡੂੰਘੇ ਪਾਣੀਆਂ ਦਾ ਦੁੱਖ, ਬਲਦੀ ਬਰਫ਼ ਦਾ ਸੇਕ ਅਤੇ ਸੂਲਾਂ ਦਾ ਸਾਲਣੁ) ਇਕ ਨਾਵਲਿਟ (ਗੁਆਚੀ ਝਾਂਜਰ ਦੀ ਚੀਖ਼) ਅਤੇ ਸਵੈ ਜੀਵਨੀ (ਮਾਟੀ ਕੁਦਮ ਕਰੇਂਦੀ ਯਾਰ) ਦੀ ਰਚਨਾ ਕੀਤੀ। ਇਸਤੋਂ ਇਲਾਵਾ ਉਸਨੇ ਉਰਦੂ ਜ਼ਬਾਨ ਵਿਚ ਤਿੰਨ ਕਹਾਣੀ ਸੰਗ੍ਰਹਿ (ਠੰਡੀ ਕਾਂਗੜੀ ਦਾ ਧੂੰਆਂ, ਇਸ਼ਤਿਹਾਰੋਂ ਵਾਲੀ ਹਵੇਲੀ ਅਤੇ ਸਤੀ ਸਰ ਕਾ ਸੂਰਜ) ਪ੍ਰਕਾਸ਼ਿਤ ਕਰਵਾਏ। ਖ਼ਾਲਿਦ ਹੁਸੈਨ ਦਾ ਜਨਮ 1 ਅਪ੍ਰੈਲ 1945 ਈਸਵੀ ਨੂੰ ਉਧਮਪੁਰ (ਜੰਮੂ) ਵਿਖੇ ਹੋਇਆ। ਉਸਦੇ ਜੀਵਨ ਵਿਚ ਅਨੇਕਾਂ ਘਟਨਾਵਾਂ ਘਟੀਆਂ ਜਿਨ੍ਹਾਂ ਦਾ ਪ੍ਰਭਾਵ ਉਸਦੀ ਸਾਹਿਤ ਸਿਰਜਣਾ ਉਪਰ ਪਿਆ ਪਰ 1947 ਈਸਵੀ ਦੀ ਭਾਰਤ ਪਾਕਿ ਵੰਡ ਅਤੇ ਰਾਜਸੀ-ਧਾਰਮਿਕ ਫਸਾਦਾਂ ਕਾਰਨ ਉਸਦੇ ਪਰਿਵਾਰ ਦੇ ਨੌਂ ਮੈਂਬਰ ਮਾਰੇ ਗਏ ਸਨ। ਇਸਦੇ ਬਾਵਜੂਦ ਵੀ ਉਸਨੇ ਮਿਹਨਤ ਸਦਕਾ ਆਈ.ਏ.ਐੱਸ. ਅਫਸਰ ਦੇ ਵੱਕਾਰੀ ਪਦ ਤੇ ਕੰਮ ਕੀਤਾ, ਉਹ ਹਿੰਦੀ, ਡੋਗਰੀ, ਪਹਾੜੀ, ਕਸ਼ਮੀਰੀ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਗਿਆਤਾ ਹੈ। ਪੰਜਾਬੀ ਸਾਹਿਤ ਵਿਚ ਉਸਦੀ ਵਿਸ਼ੇਸ਼ ਪਛਾਣ ਹੈ। ਇਸ ਕਹਾਣੀ ਸੰਗ੍ਰਹਿ ਵਿਚ ਖ਼ਾਲਿਦ ਹੁਸੈਨ ਨੇ ਕਸ਼ਮੀਰ ਸੰਕਟ ਨੂੰ ਰਾਜਸੀ ਪੱਖ ਤੋਂ ਪੇਸ਼ ਕੀਤਾ ਹੈ, ਇਸ ਤੋਂ ਇਲਾਵਾ ਰੋਜ਼ਾਨਾ ਜੀਵਨ ਵਿਚ ਪੇਸ਼ ਮਨੁੱਖੀ ਕਦਰਾਂ ਕੀਮਤਾਂ ਵਿਚ ਉਤਪੰਨ ਹੋਈ ਗਿਰਾਵਟ, ਭਾਈਚਾਰਕ ਸਾਂਝ ਵਿਚ ਫੁੱਟ ਨੂੰ ਇਸ ਕਹਾਣੀ ਸੰਗ੍ਰਹਿ ਵਿਚੋਂ ਵੇਖਿਆ ਜਾ ਸਕਦਾ ਹੈ। ਉਸਨੇ ਕਹਾਣੀਆਂ ਵਿਚ ਆਰਥਿਕ, ਸਮਾਜਿਕ,

ਰਾਜਨੀਤਕ ਪ੍ਰਸਥਿਤੀਆਂ ਕਾਰਨ ਪੈਦਾ ਹੋਏ ਗਹਿਰੇ ਸੰਤਾਪ ਨੂੰ ਪੇਸ਼ ਕੀਤਾ ਹੈ।

ਮਨੁੱਖ ਸਮਾਜਿਕ ਜੀਵ ਹੈ। ਮਨੁੱਖ ਸਾਧਾਰਨ ਤੌਰ 'ਤੇ ਸੰਗਠਨ/ਸਮੂਹ ਬਣਾ ਕੇ ਰਹਿੰਦਾ ਹੈ। ਸਮਾਜ ਰੀਤਾਂ ਰਸਮਾਂ ਅਤੇ ਕਾਰਜ ਪ੍ਰਣਾਲੀਆਂ ਦੀ ਅਧਿਕਾਰ ਸੱਤਾ ਤੇ ਆਪਸੀ ਸਹਿਯੋਗ, ਅਨੇਕ ਸਮੂਹ/ਸ਼੍ਰੇਣੀਆ, ਮਾਨਵੀ ਵਿਹਾਰ ਦੀ ਨਿਯੰਤ੍ਰਣ ਦੀ ਵਿਵਸਥਾ ਹੈ। ਇਕ ਬਿਰਤਾਂਤਕ ਕਲਾ ਰੂਪ ਵਜੋਂ ਕਹਾਣੀ ਕਿਸੇ ਸਮਾਜ ਵਿਚ ਉਸ ਜੁਗ ਵਿਚ ਪੈਦਾ ਹੁੰਦੀ ਹੈ। ਜਦੋਂ ਮਨੁੱਖ ਦੇਸ ਵਿਚਾਰਾਂ, ਵਿਹਾਰਾਂ ਤੇ ਸਰੋਕਾਰਾਂ ਦਾ ਆਧਾਰ, ਮਿੱਥ-ਚੇਤਨਾ ਦੀ ਥਾਂ ਵਿਗਿਆਨ ਤੇ ਯਥਾਰਥ ਆਧਾਰਤ ਚੇਤਨਾ ਹੁੰਦੀ ਹੈ। ਇਸ ਤਰ੍ਹਾਂ ਸਾਹਿਤ ਤੇ ਸਮਾਜ ਦਾ ਗੂੜ੍ਹਾ ਸੰਬੰਧ ਹੈ, ਸਾਹਿਤਕਾਰ ਵੀ ਸਮਾਜਿਕ ਜੀਵ ਹੈ, ਇਸ ਲਈ ਸਮਾਜਕ ਘਟਨਾਵਾਂ ਤੋਂ ਅਭਿੱਜ ਨਹੀਂ ਰਹਿੰਦਾ। ਸਮਾਜ ਤੋਂ ਨਿਰਲੇਪ ਰਹਿ ਕੇ ਕੀਤੀ ਸਾਹਿਤ ਸਿਰਜਣਾ ਦਾ ਸੰਕਲਪ ਨਿਰਾਰਥਕ ਹੈ। ਸਾਹਿਤਕਾਰ ਸਾਹਿਤਕ ਕ੍ਰਿਤਾਂ ਰਾਹੀਂ ਉਸਾਰੂ ਕਦਰਾਂ ਕੀਮਤਾਂ ਦੀ ਉਸਾਰੀ ਕਰਦਾ ਹੋਇਆ ਮਨੁੱਖਤਾ ਵਿਰੋਧੀ ਕਦਰਾਂ-ਕੀਮਤਾਂ ਨੂੰ ਨਕਾਰਦਾ ਹੈ ਤਾਂ ਜੋ ਮਨੁੱਖਤਾ ਨੂੰ ਉਚੇਰੀਆਂ ਰਾਹਾਂ 'ਤੇ ਪਾਇਆ ਜਾ ਸਕੇ। ਖ਼ਾਲਿਦ ਹੁਸੈਨ ਦੀਆਂ ਕਹਾਣੀਆਂ ਮਨੁੱਖੀ ਜੀਵਨ ਦੀਆਂ ਸੰਗਤੀਆਂ-ਵਿਸੰਗਤੀਆਂ ਨੂੰ ਕਸ਼ਮੀਰ ਸੰਕਟ ਦੇ ਸੰਦਰਭ ਵਿਚ ਰੱਖ ਕੇ ਪੇਸ਼ ਕਰਦੀਆਂ ਹਨ। ਬੇਸ਼ੱਕ ਉਸਦੀਆਂ ਕਹਾਣੀਆਂ ਦਾ ਮੂਲ ਧੁਰਾ ਕਸ਼ਮੀਰ ਸੰਕਟ, ਭਾਰਤ ਪਾਕਿ ਵੰਡ ਹੀ ਹੈ ਪਰ ਉਸ ਸਮੇਂ ਦੇ ਸਮਾਜਿਕ ਹਾਲਾਤ ਵੀ ਪੇਸ਼ ਕਰਦਾ ਹੈ। ਜਿਸ ਵਿਚ ਉਕਤ ਪ੍ਰਸਥਿਤੀਆਂ ਘਟਦੀਆਂ ਹਨ, ਉਸਦੀ ਕਹਾਣੀ ਵਿਚ ਪੇਸ਼ ਸਮਾਜਕ ਸੰਦਰਭ ਕਸ਼ਮੀਰੀ ਸਮਾਜ ਵਿਚੋਂ ਹੀ ਜਨਮਦੇ ਹਨ, ਉਸਦੇ ਪਾਤਰ ਇਸੇ ਸਮਾਜ ਵਿਚੋਂ ਆਕਾਰ ਗ੍ਰਹਿਣ ਕਰਦੇ ਹਨ, ਕਹਾਣੀਕਾਰ ਖ਼ਾਲਿਦ ਹੁਸੈਨ ਦਾ ਸਵੈ ਕਥਨ ਹੈ,

> *"ਮੈਂ ਇਨ੍ਹਾਂ ਕਹਾਣੀਆਂ ਦੇ ਪਾਤਰਾਂ ਵਿਚ ਆਪ ਜਿਉਂਦਾ ਹਾਂ, ਮੇਰੀਆਂ ਕਹਾਣੀਆਂ ਦੇ ਪਲਾਟ ਤੇ ਪਾਤਰ, ਮੇਰੇ ਅਨੁਭਵ ਵਿਚੋਂ ਕਸ਼ੀਦ ਹੋਏ ਹਨ। ਇਨ੍ਹਾਂ ਕਹਾਣੀਆਂ ਨੂੰ ਲਿਖਣ ਲਈ ਮੈਂ ਢੁਕਵੀਂ ਭਾਸ਼ਾ ਲਿਖਣ ਦੀ ਕੋਸ਼ਿਸ਼ ਕੀਤੀ ਹੈ ਤੇ ਭਾਸ਼ਾ ਨੂੰ ਪਾਤਰਾਂ ਦੀ ਮੰਗ ਅਨੁਸਾਰ ਵਰਤਿਆ ਹੈ ਮੇਰੇ ਪਾਤਰ ਜਿਉਂਦੇ, ਜਾਗਦੇ, ਹਸਦੇ, ਖੇਡਦੇ, ਰੋਂਦੇ, ਕੁਰਲਾਉਂਦੇ ਤੁਹਾਨੂੰ ਸਮਾਜ ਦਾ ਸ਼ੀਸ਼ਾ ਵਿਖਾਂਦੇ ਹਨ।"*[1]

ਖ਼ਾਲਿਦ ਹੁਸੈਨ ਦੀ ਕਹਾਣੀ ਦੀ ਮੂਲ ਸਮੱਗਰੀ ਕਸ਼ਮੀਰੀ/ਭਾਰਤੀ ਸਮਾਜ ਵਿਚੋਂ ਆਉਂਦੀ ਹੈ। ਇਸ ਲਈ ਸੁਭਾਵਿਕ ਹੈ ਉਸਦੀ ਕਹਾਣੀ ਵਿਚ ਇਥੋਂ ਦੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਚਿਤਰਨ ਹੋਇਆ ਮਿਲਦਾ ਹੈ।

'ਇਸ਼ਕ ਮਲੰਗੀ' ਕਹਾਣੀ ਦਾ ਆਧਾਰ ਭਾਰਤ-ਪਾਕਿ ਵੰਡ ਹੈ, ਇਸ ਕਹਾਣੀ ਵਿਚ ਗਾਮੀ ਦੀ ਦੁਕਾਨ ਤੇ ਆਉਂਦਾ ਕਾਲੇ ਖਾਨ ਜੋ ਫਿਰੋਜਾ ਨੂੰ ਹਾਸਲ ਕਰਨ ਦਾ ਸੁਪਨਾ ਰੱਖਦਾ ਹੈ ਪਰ ਕਹਿਣ ਦੀ ਹਿੰਮਤ ਨਹੀਂ ਰੱਖਦਾ ਉਸਦੇ ਦਿਲ ਦੀ ਗੱਲ ਗਾਜੀ ਆਪ ਜਾ ਕੇ ਫਿਰੋਜਾ ਨੂੰ ਦੱਸਦਾ ਹੈ,

> *"ਫਿਰੋਜਾ ਬੀਬੀ, ਕਾਲੇ ਖਾਨ ਤੇਰਾ ਸੱਚਾ ਆਸ਼ਿਕ ਹੈ, ਉਹ ਤੈਨੂੰ ਦਿਲ ਦੀ ਦੌਲਤ ਦੇ ਸਕਦਾ ਹੈ, ਜਿੰਦ ਤੇਰੇ ਨਾਂ ਲਾ ਸਕਦਾ ਹੈ, ਉਸਦਾ ਨਿਹੁੰ ਬਾਂਗ ਵਾਂਗ ਸੁੱਚਾ ਹੈ।"*[2]

ਗਾਮੀ, ਕਾਲੇ ਖਾਨ ਦੀ ਮੁਹੱਬਤ ਦੀ ਸਿਫਾਰਸ਼ ਫਿਰੋਜਾ ਕੋਲ ਲੈ ਕੇ ਜਾਂਦਾ ਹੈ ਪਰ ਫਿਰੋਜਾ ਉਸਨੂੰ ਇਕ ਟੁੱਕ ਵੀ ਪਸੰਦ ਨਹੀਂ ਕਰਦੀ। ਗਾਮੀ ਅਤੇ ਕਾਲੇ ਖਾਨ ਦਾ ਰਿਸ਼ਤਾ ਲਹੂ ਦਾ ਨਹੀਂ ਬਲਕਿ ਉਹ ਸਮਾਜ ਵਿਚ ਰਹਿੰਦੇ ਹੋਏ ਇਕ ਦੂਸਰੇ ਦੇ ਵਿਹਾਰ, ਕੰਮਾਂ ਤੋਂ ਪ੍ਰਭਾਵਿਤ ਹੋ ਕੇ ਸਾਂਝੀਵਾਲਤਾ, ਰਿਸ਼ਤੇਦਾਰੀ ਵਿਚ ਬੱਝੇ ਹੋਏ ਹਨ। ਗਾਮੀ ਕਾਲੇ ਖਾਨ ਨਾਲ ਸਾਂਝਤਾ ਕਾਰਨ ਹੀ ਫ਼ਿਕਰਮੰਦੀ ਰੱਖਦਾ ਹੈ। 'ਲਕੀਰ' ਕਹਾਣੀ ਵਿਚ ਮੈਂ-ਪਾਤਰ ਸਜਾਵਲ ਤੇ ਬੇਬੇ ਸਾਬਰੀ ਨੂੰ ਮਿਲਾਉਣ ਦੀ ਕੋਸ਼ਿਸ਼ ਕਰਦਾ ਹੈ, ਇਸ ਕਹਾਣੀ ਵਿਚ ਮੈਂ-ਪਾਤਰ ਦੇ ਸਜਾਵਲ ਨਾਲ ਅਲਹੂ ਦੇ ਸੰਬੰਧ ਹੋਣ ਦੇ ਬਾਵਜੂਦ ਵੀ ਸਜਾਵਲ ਦੇ ਤੇ ਸਾਬਰੀ ਨੂੰ ਮਿਲਾਉਣ ਦਾ ਵਾਹਕ ਬਣਦਾ ਹੈ। 'ਇਸ਼ਕ ਦੀ ਨਵੀਓਂ-ਨਵੀਂ ਬਹਾਰ' ਕਹਾਣੀ ਵਿਚ ਕਾਜੀ ਨਾਲ ਮੈਂ-ਪਾਤਰ ਦੇ ਸੰਬੰਧ ਵੀ ਇਸੇ ਪ੍ਰਕਾਰ ਦੇ ਹਨ ਉਹ ਉਸਦੇ ਹਰੇਕ ਦੁੱਖ ਵਿਚ ਸ਼ਰੀਕ ਹੁੰਦੇ ਹਨ। ਉਹ ਉਸਦੀ ਚਿੱਲਾ ਕੱਟਣ ਵਿਚ ਹਰੇਕ ਸੰਭਵ ਮੱਦਦ ਕਰਦੇ ਹਨ ਅਤੇ ਉਸਨੂੰ ਸਿੱਧੇ ਰਾਹ ਪਾਉਣ ਲਈ ਹਾਸਮਈ ਢੰਗ ਨਾਲ ਤਨਜ਼ ਵੀ ਕਸਦੇ ਹਨ, ਇਸ ਤਰ੍ਹਾਂ ਮੈਂ-ਪਾਤਰ ਅਤੇ ਕਾਜੀ ਆਪਸ ਵਿੱਚ ਸਮਾਜਕ ਮਿੱਤਰਤਾ ਵਿਚ ਬੱਝੇ ਹੋਏ ਹਨ ਅਤੇ ਮੈਂ ਪਾਤਰ ਇਸੇ ਰਿਸ਼ਤੇ ਕਾਰਨ ਕਾਜੀ ਪ੍ਰਤੀ ਚਿੰਤਿਤ ਵੀ ਹੈ ਤੇ ਉਸਦੇ ਦੁੱਖ ਵਿਚ ਸ਼ਰੀਕ ਹੈ। ਸਮਾਜਕ ਰਿਸ਼ਤਿਆਂ ਕਾਰਨ ਹੀ 'ਮਨੁੱਖ ਅੰਦਰ ਲੁਕਿਆ ਮਨੁੱਖ' ਕਹਾਣੀ ਵਿਚ ਜ਼ਮੀਰ ਅਹਿਮਦ ਆਪਣੀ ਧਾਰਮਿਕ ਕਠੋਰਤਾ ਨੂੰ ਤਿਆਗ ਕੇ ਤੇਜ ਰਾਮ ਨੂੰ ਉੱਗਰਵਾਦੀਆਂ ਦੀ ਹਿੰਸਾ ਤੋਂ ਬਚਾਉਂਦਾ ਹੈ, ਕਹਾਣੀ ਵਿਚ ਜ਼ਮੀਰ ਅਹਿਮਦ ਭਾਰਤ ਦੇ ਖੋਖਲੇ ਸੈਕੂਲਰਿਜਮ ਤੇ ਆਰਥਿਕ ਆਜ਼ਾਦੀ ਤੇ ਬਰਾਬਰੀ ਦੇ ਦਾਅਵਿਆਂ ਦੀ ਪੋਲ ਖੋਲ੍ਹਦਾ ਹੈ। ਉਹ ਜਨੂੰਨੀ ਹਿੰਦੂਆਂ ਅਤੇ ਸਰਕਾਰ ਦਾ ਮੁਸਲਮਾਨਾਂ ਨਾਲ ਸਲੂਕ ਤੇ ਉਨ੍ਹਾਂ ਦੀ ਮੰਦਹਾਲੀ ਲਈ ਹਿੰਦੂਆਂ ਦੇ ਕੱਟੜਵਾਦ ਨੂੰ ਜ਼ਿੰਮੇਵਾਰ ਸਮਝਦਾ ਹੈ। ਉਹ ਆਤੰਕਵਾਦੀਆ ਨੂੰ ਮੁਜਾਹਿਦ ਸਮਝਦਾ ਹੋਇਆ ਉਨ੍ਹਾਂ ਦੀ ਪ੍ਰਸੰਸਾ ਵੀ ਕਰਦਾ ਹੈ ਪਰ ਜਦ ਖਾੜਕੂ ਉਸਦੇ ਡਰਾਇਵਰ ਤੇਜ ਰਾਮ ਨੂੰ ਮਾਰਨ ਲਗਦੇ ਹਨ ਤਾਂ ਜ਼ਮੀਰ ਅਹਿਮਦ, ਤੇਜ ਰਾਮ ਨੂੰ ਬਚਾਉਣ ਲਈ ਖਾੜਕੂਆਂ ਸਾਹਮਣੇ ਖੜ੍ਹ ਜਾਂਦਾ ਹੈ, ਉਸ ਅਨੁਸਾਰ ਇਸਲਾਮ

ਧਰਮ ਬੇਗੁਨਾਹ ਅਤੇ ਬੇਕਸੂਰ ਨੂੰ ਮਾਰਨ ਦੀ ਆਗਿਆ ਨਹੀਂ ਦਿੰਦਾ। ਉਹ ਕੁਰਾਨੀ ਆਇਤਾਂ ਦੇ ਹਵਾਲੇ ਨਾਲ ਖਾੜਕੂਆਂ ਨੂੰ ਸਮਝਾਉਂਦਾ ਹੈ ਤੇ ਤੇਜ ਰਾਮ ਨੂੰ ਬਚਾ ਲੈਂਦਾ ਹੈ। ਜ਼ਮੀਰ ਅਹਿਮਦ ਦਾ ਰੋਸ ਸਿਸਟਮ ਦੇ ਖਿਲਾਫ ਹੈ ਤੇ ਧਰਮ, ਜ਼ਾਤ, ਰੰਗ, ਨਸਲ ਦੇ ਆਧਾਰਤ ਵਿਤਕਰੇ ਦਾ ਵਿਰੋਧੀ ਹੈ। ਇਸਦੇ ਨਾਲ ਹੀ ਖ਼ਾਲਿਦ ਹੁਸੈਨ ਦੀਆਂ ਕਹਾਣੀਆਂ ਵਿਚ ਲਹੂ ਨਾਲ ਸੰਬੰਧਤ ਰਿਸ਼ਤਿਆਂ ਦਾ ਵੀ ਭਰਪੂਰ ਜ਼ਿਕਰ ਮਿਲਦਾ ਹੈ। 'ਇਕ ਮਰੇ ਬੰਦੇ ਦੀ ਕਹਾਣੀ' ਵਿਚ ਮੰਜੂਰ ਅਜਿਹਾ ਪਾਤਰ ਹੈ ਜੋ ਪ੍ਰਸ਼ਾਸਨ ਤੰਤਰ ਦਾ ਸਤਾਇਆ ਹੋਇਆ ਖਾੜਕੂ ਬਣ ਜਾਂਦਾ ਹੈ ਪਰ ਖਾੜਕੂ ਉਸਨੂੰ ਅਜਿਹਾ ਟਾਸਕ ਦਿੰਦੇ ਹਨ ਜਿਸਨੂੰ ਕਰਨ ਤੋਂ ਉਹ ਇਨਕਾਰ ਕਰ ਦਿੰਦਾ ਹੈ। ਖਾੜਕੂਆਂ ਦੇ ਕਮਾਂਡਰ ਅੰਸਾਰੀ ਨੇ ਉਸਨੂੰ ਮੰਗਲ ਸਿੰਘ ਨੂੰ ਮਾਰਨ ਦਾ ਕੰਮ ਦਿੱਤਾ, ਜਿਸ ਨੂੰ ਕਰਨ ਤੋਂ ਉਸ ਨੇ ਮਨਾ ਕਰ ਦਿੱਤਾ, ਉਸ ਅਨੁਸਾਰ,

> *"ਮੈਂ ਠਾਕੁਰ ਚਾਚੇ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਸਾਡੇ ਪਿੰਡ ਦਾ ਸਭ ਤੋਂ ਵਧੀਆ ਬੰਦਾ ਸੀ। ਗ਼ਰੀਬ ਪਰਿਵਾਰ, ਮਿਲਣਸਾਰ, ਹਿੰਦੂ-ਮੁਸਲਿਮ ਏਕਤਾ ਦਾ ਅਲੰਬਰਦਾਰ ਅਤੇ ਮਜ਼ਲੂਮ ਦੇ ਹੱਕਾਂ ਲਈ ਲੜਨ ਲਈ ਤਿਆਰ, ਨਾਲੇ ਮੇਰੇ ਅੱਬੇ ਦਾ ਲੰਗੋਟੀਆ ਯਾਰ ਸੀ। ਮੇਰੇ ਅੱਬੇ ਨੇ ਵਿਆਹ ਵੇਲੇ ਚਾਚੇ ਮੰਗਲ ਨਾਲ ਪੱਗ ਵਟਾਈ ਸੀ।"*[3]

ਇਸ ਤਰ੍ਹਾਂ ਮੰਜੂਰ ਨਿਰਾ ਫਸਾਦੀ ਨਹੀਂ ਸੀ, ਉਹ ਆਪਣੀ ਸਮਝ ਅਨੁਸਾਰ ਹੀ ਸਮਾਜਕ ਭਾਈਚਾਰੇ ਨੂੰ ਬਰਕਰਾਰ ਰੱਖਦਾ ਹੈ, ਉਹ ਚਾਚੇ ਮੰਗਲ ਨੂੰ ਨਿੱਜੀ ਤੌਰ ਤੇ ਜਾਣਦਾ ਸੀ ਕਿ ਮੰਗਲ ਮੁਖ਼ਬਰੀ ਨਹੀਂ ਕਰ ਸਕਦਾ, ਦੂਜਾ ਉਹ ਉਸਦੇ ਅੱਬੇ ਦਾ ਪੱਗ ਵੱਟ ਯਾਰ ਵੀ ਸੀ, ਇਸ ਕਰਕੇ ਮੰਜੂਰ ਨੇ ਆਪਣੀ ਸਮਾਜਕ ਸਾਕਾਦਾਰੀ ਨੂੰ ਸਮਝਦੇ ਹੋਏ ਚਾਚੇ ਮੰਗਲ ਤੱਕ ਖ਼ਬਰ ਪਹੁੰਚਾ ਕੇ ਉਸਦੀ ਜਾਨ ਬਚਾਈ, ਦੂਜੇ ਪਾਸੇ ਮੰਜੂਰ ਨੇ ਆਪਣੇ ਲਹੂ ਦੇ ਰਿਸ਼ਤਿਆਂ ਦੇ ਨਾਲ ਨਾਲ ਆਪਣੇ ਹੋਰਨਾਂ ਸੰਬੰਧੀਆਂ ਦੀਆਂ ਜਾਨਾਂ ਵੀ ਖ਼ੁਆਰ ਹੋਣ ਤੋਂ ਬਚਾਈਆਂ,

> *"ਅਮੀਰ ਅੰਸਾਰੀ ਨੇ ਮੈਨੂੰ ਲਾਟੀ ਦੇ ਬਾਣੀਏ ਕਸਤੂਰੀ ਤੇ ਕ੍ਰਿਸ਼ਨ ਗੁਪਤਾ ਨੂੰ ਮਾਰਨ ਲਈ ਕਿਹਾ ਨਾਲੇ ਜੰਮੂ ਕਸ਼ਮੀਰ ਬੈਂਕ ਦੀ ਲਾਟੀ ਬ੍ਰਾਂਚ ਨੂੰ ਲੁੱਟਣ ਦਾ ਹੁਕਮ ਦਿੱਤਾ। ਲਾਟੀ ਮੇਰਾ ਨਿੱਕਾ ਭਰਾ ਤੇ ਭੂਆ ਰਹਿੰਦੇ ਸਨ। ਹੋਰ ਵੀ ਕਈ ਸੰਬੰਧੀ ਤੇ ਹੋਰ ਰਿਸ਼ਤੇਦਾਰ ਵੀ ਉਥੋਂ ਦੇ ਵਸਨੀਕ ਸਨ। ਮੈਂ ਲਾਟੀ ਜਾਣ ਤੋਂ ਇਨਕਾਰ ਕਰ ਦਿੱਤਾ।*[4]

ਇਸ ਤਰ੍ਹਾਂ ਕਸ਼ਮੀਰ ਦੀ ਆਮ ਅਵਾਮ ਦੋ ਤਰ੍ਹਾਂ ਦੇ ਸੰਤਾਪ ਹੰਢਾਉਂਦੀ ਹੈ ਪਹਿਲਾ ਤਾਂ ਉਹ ਸਰਕਾਰੀ ਅਫ਼ਸਰਸ਼ਾਹੀ ਦੇ ਵਿਹਾਰ ਤੋਂ ਤੰਗ ਪ੍ਰੇਸ਼ਾਨ ਹੁੰਦੀ ਹੈ ਤੇ ਦੂਜਾ ਉਹ ਇਨ੍ਹਾਂ ਤੋਂ ਬਚਣ ਲਈ ਆਪਣੇ ਘਰ ਪਰਿਵਾਰ ਨੂੰ ਤਿਆਗ ਕੇ ਖਾੜਕੂਆਂ ਨਾਲ ਜਾ ਰਲਦੇ ਹਨ ਪਰ ਇੱਥੇ ਵੀ ਉਹ ਅੰਸਾਰੀ ਵਰਗੇ ਕਮਾਂਡਰਾਂ ਦੀ ਕਮਾਨ ਹੇਠ ਕੰਮ ਕਰਦੇ-ਕਰਦੇ ਸਾਧਾਰਨ ਲੋਕਾਂ ਦੀ ਜਾਨ ਦੇ ਪਿਆਸੇ ਬਣ ਜਾਂਦੇ ਹਨ ਤੇ ਸਮਾਜਿਕ ਭਾਈਚਾਰੇ ਨੂੰ ਖਤਮ ਕਰਨ ਦੇ ਰਾਹ ਪੈ ਜਾਂਦੇ ਹਨ ਪਰ ਫਿਰ ਵੀ ਜੇ ਅਜਿਹੇ ਮਾਹੌਲ ਵਿਚ ਮੰਜੂਰ ਵਰਗੇ ਵਿਅਕਤੀ ਇਨਸਾਨੀਅਤ, ਤਰਕ ਅਧਾਰਤ, ਸਵੈ ਚਿੰਤਨ ਨਾਲ ਫੈਸਲਾ ਕਰਕੇ ਦਿੱਤੇ ਕੰਮ ਨੂੰ ਨਹੀਂ ਮੰਨਦੇ ਤਾਂ ਉਨ੍ਹਾਂ ਨੂੰ ਆਪਣੀ ਜਾਨ ਹੱਥੋਂ ਗੁਆਉਣੀ ਪੈਂਦੀ ਹੈ।

ਕਸ਼ਮੀਰ ਦੇ ਵਸਨੀਕ ਕਬੀਲੇ ਆਪਸ ਵਿੱਚ ਭਾਈਚਾਰਕ ਸਾਂਝ ਸਥਾਪਤ ਕਰਕੇ ਰੱਖਦੇ ਹਨ, ਬੇਸ਼ੱਕ ਕੁਝ ਜਥੇਬੰਦੀਆਂ/ਸਮੂਹ ਇਸ ਨੂੰ ਧਾਰਮਿਕ, ਰਾਜਸੀ ਰੰਗ ਦੇ ਕੇ ਤੋੜਨਾ ਚਾਹੁੰਦੀਆਂ ਹਨ ਪਰ ਫੇਰ ਵੀ ਜਨ ਸਾਧਾਰਨ ਆਪਸ ਵਿੱਚ ਸਾਂਝ, ਪਿਆਰ ਤੇ ਮੁਹੱਬਤ ਨਾਲ ਰਹਿੰਦੀ ਹੈ, ਖ਼ਾਲਿਦ ਹੁਸੈਨ ਦੀ ਕਹਾਣੀ 'ਰੂਹ ਤੇ ਕਲਬੂਤ' ਵਿਚ ਕਹਾਣੀਕਾਰ ਨੇ ਪਿਆਰ ਮੁਹੱਬਤ ਦੇ ਪ੍ਰਤੀਕ ਸੰਸਥਾਵਾਂ ਨੂੰ ਚਿਤਰਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਇਲਾਕਿਆਂ ਵਿਚ ਵਿਆਹ ਦੀਆਂ ਰਸਮਾਂ ਭਾਈਚਾਰਕ ਸਾਂਝ ਨੂੰ ਹੋਰ ਪੱਕਾ ਕਰਨ ਦਾ ਮਾਧਿਅਮ ਬਣਦੀਆਂ ਹਨ ਅਤੇ ਇਹੀ ਰਸਮਾਂ ਉਨ੍ਹਾਂ ਦੀ ਭਾਈਚਾਰਕ ਸਾਂਝ ਦੀ ਗਵਾਹੀ ਵੀ ਭਰਦੀਆਂ ਹਨ,

> *"ਦੋ ਵਰ੍ਹੇ ਪਹਿਲਾਂ ਉਨ੍ਹਾਂ ਰਸਤਿਆਂ ਵਿਚੋਂ ਮੇਰੀ ਬਰਾਤ ਲੰਘੀ ਸੀ, ਅੱਗੇ-ਅੱਗੇ ਇਕ ਢੋਲੀਆ, ਦੋ ਬੀਨਾਂ ਵਾਲੇ, ਇਕ ਲੋਹੇ ਦੀ ਘੰਟੀ ਵਜਾਣ ਵਾਲਾ ਅਤੇ ਇਕ ਨੱਚਣ ਵਾਲਾ ਭੰਡ। ਬੀਨਾਂ ਵਾਲੇ ਸਾਡੇ ਡੁਗਰ ਦੇਸ ਦੇ ਮਸ਼ਹੂਰ ਲੋਕ ਗੀਤਾਂ ਦੀਆਂ ਧੁਨਾਂ ਵਜਾ ਰਹੇ ਸਨ ਤੇ ਢੋਲੀਏ ਦੀ ਤਾਲ ਉਤੇ ਮੇਰੇ ਕੁਝ ਲੰਗੋਟੀਏ ਯਾਰ ਨੱਚ ਰਹੇ ਸਨ।"*[5]

ਗੱਦੀ ਕਬੀਲੇ ਵਿਚ ਆਪਸੀ ਵਿਆਹਾਂ ਨੂੰ ਧੂਮ ਧਾਮ ਨਾਲ ਸੰਪੰਨ ਕੀਤਾ ਜਾਂਦਾ ਹੈ ਇਹ ਵਿਆਹ ਲਾਵਾਂ ਫੇਰਿਆਂ ਨਾਲ ਪੂਰੇ ਕੀਤੇ ਜਾਂਦੇ ਹਨ। ਕਸ਼ਮੀਰ ਦੇ ਇਨ੍ਹਾਂ ਸਮਾਜਿਕ ਕਬੀਲਿਆਂ ਵਿਚ ਭਾਰਤੀ ਸਮਾਜ ਵਾਂਗ ਮਰਦ ਪ੍ਰਧਾਨ ਸਮਾਜ ਦੀ ਬਣਤਰ ਭਾਰੂ ਹੈ। ਮਰਦ ਪ੍ਰਧਾਨ ਸਮਾਜ ਹੋਣ ਕਾਰਨ ਘਰ ਵਿਚ ਪੁੱਤਰ ਪੈਦਾ ਹੋਣ ਨੂੰ ਸ਼ੁੱਭ ਸ਼ਗਨ ਮੰਨਿਆ ਜਾਂਦਾ ਹੈ ਅਤੇ ਇਸਦੀ ਖ਼ੁਸ਼ੀ ਮਨਾਈ ਜਾਂਦੀ ਹੈ। 'ਜਿੰਨ੍ਹਾਂ ਖਾਧੀ ਚੋਪੜੀ' ਕਹਾਣੀ ਵਿਚ ਚੌਧਰੀ ਜਗਤ ਦੇ ਘਰ ਪੁੱਤਰ ਪੈਦਾ ਹੋਣ ਨਾਲ ਉਸਦਾ ਸਮਾਜਕ ਰੁਤਬਾ ਹੋਰ ਵੀ ਉੱਚਾ ਹੋ ਜਾਂਦਾ ਹੈ ਉਸਨੇ ਇਸ ਸ਼ੁੱਭ ਸ਼ਗਨ ਦੀ ਖ਼ੁਸ਼ੀ ਧੂੰਮ ਧਾਮ ਨਾਲ ਮਨਾਈ, ਇਸ ਤਰ੍ਹਾਂ ਪੁੱਤਰ ਪ੍ਰਾਪਤੀ ਮਰਦ ਪ੍ਰਧਾਨ ਸਮਾਜ ਵਿਚ ਸਭ ਤੋਂ ਵੱਡੀ ਨਿਆਮਤ ਸਮਝੀ ਜਾਂਦੀ ਹੈ। ਦੂਜੇ ਪਾਸੇ ਧੀ-ਜੰਮਣ ਨਾਲ ਅਨੇਕਾਂ ਅਲਾਮਤਾਂ ਦੇ ਆਉਣ ਦਾ ਸੰਕੇਤ

ਮਿਲਦਾ ਹੈ। ਖ਼ਾਲਿਦ ਹੁਸੈਨ ਦੀਆਂ ਕਹਾਣੀਆਂ ਵਿਚ ਅਜਿਹੇ ਸੰਕੇਤ ਥਾਂ ਥਾਂ ਮਿਲ ਜਾਂਦੇ ਹਨ, ਉਕਤ ਕਹਾਣੀ ਵਿਚ ਹੀ ਜਦੋਂ ਲਾਡੀ ਦਾ ਵਿਆਹ ਹੋ ਜਾਂਦਾ ਹੈ ਤਾਂ ਉਹ ਆਪਣੀ ਪਤਨੀ ਨਾਲ ਬਦਸਲੂਕੀ ਕਰਦਾ ਹੈ ਬਦਲੇ ਵਿੱਚ ਚੌਧਰੀ ਆਪਣੀ ਨੂੰਹ ਨੂੰ ਹੀ ਸਬਰ ਕਰਨ ਲਈ ਕਹਿੰਦਾ ਹੈ।

> *"ਧੀਏ ਕਿਸੇ ਨਾਲ ਗੱਲ ਨਾ ਕਰੀਂ, ਸਬਰ ਕਰ, ਸਬਰ ਕੀਤਿਆਂ ਅਜੱਰ ਮਿਲਦਾ ਹੈ।"*[6]

ਇਸ ਤਰ੍ਹਾਂ ਹੀ 'ਸ਼ਾਦਾਂ ਬਿੱਲੀ ਜੰਮੂ ਵਾਲੀ' ਕਹਾਣੀ ਵਿਚ ਸਰਦਾਰ ਦੇ ਨਸੀਬੋ ਨਾਲ ਗ਼ੈਰ ਸੰਬੰਧ ਸਥਾਪਤ ਸਨ। ਜਿਨ੍ਹਾਂ ਕਾਰਨ 'ਸ਼ਾਦਾਂ' ਦਾ ਜਨਮ ਹੋਇਆ ਪਰ ਉਸਨੂੰ ਆਪਣੇ ਅਸਲੀ ਪਿਓ ਦੀ ਪਛਾਣ ਨਹੀਂ ਦੱਸੀ ਗਈ ਸੀ। ਇਸ ਤਰ੍ਹਾਂ ਹੀ 'ਇਕੋ ਰੰਗ ਲੁਕਾਈ ਦਾ' ਕਹਾਣੀ ਵਿਚ ਕੁੜੀਆਂ ਨੂੰ ਕੁੱਖ ਵਿਚ ਮਾਰਨ ਦੀ ਚਰਚਾ ਕੀਤੀ ਗਈ ਹੈ।

ਇਸ ਤਰ੍ਹਾਂ ਭਾਰਤੀ ਸਮਾਜ ਵਿਚ ਮਰਦ ਦੀ ਪ੍ਰਧਾਨਗੀ ਹੋਣ ਕਾਰਨ ਸਮਾਜ ਵਿਚ ਪਿੱਤਰਸੱਤਾ ਦਾ ਬੋਲਬਾਲਾ ਹੈ, ਔਰਤ ਮਰਦ ਦੀ ਅਨੁਸਾਰੀ ਹੋ ਕੇ ਚਲਦੀ ਹੈ ਤੇ ਉਹ ਵੀ ਪੁੱਤਰ ਪ੍ਰਾਪਤੀ ਨੂੰ ਹੀ ਸ਼ੁਭ ਸ਼ਗਨ ਮੰਨਦੀ ਹੈ। ਔਰਤਾਂ/ਮਾਪੇ ਧੀ ਜੰਮਣ ਤੋਂ ਡਰਦੇ ਹਨ ਕਿਉਂਕਿ ਉਨ੍ਹਾਂ ਦੇ ਅੰਦਰ ਉਸ ਕਿਸਮ ਦੀ ਤ੍ਰਾਸਦੀ, ਡਰ ਦਾ ਮਾਹੌਲ ਬਣਿਆ ਹੈ ਜਿਵੇਂ ਦਾ ਕਸ਼ਮੀਰ ਦਾ ਸਮਾਜਿਕ ਮਾਹੌਲ ਹੈ। ਜੇਕਰ ਧੀ ਜੁਆਨ-ਜਹਾਨ ਹੈ ਤਾਂ ਉਸਦੇ ਮਾਪਿਆਂ ਨੂੰ ਉਸਦੇ ਪ੍ਰੇਮ ਸੰਬੰਧਾਂ ਦਾ ਡਰ ਬਣਿਆ ਰਹਿੰਦਾ ਹੈ। ਜੇਕਰ ਉਹ ਵਿਆਹੀ ਗਈ ਤਾਂ ਦਾਜ ਦੇ ਲੋਭੀਆਂ ਹੱਥੋਂ ਮਰਨ ਦਾ ਡਰ ਅਤੇ ਨਹੀਂ ਤਾਂ ਖਾੜਕੂਆਂ ਦੁਆਰਾ ਉਨ੍ਹਾਂ ਨੂੰ ਬੇਪੱਤ ਕਰਕੇ ਛੱਡ ਦਿੱਤਾ ਜਾਂਦਾ ਹੈ, ਇਨ੍ਹਾਂ ਸੰਤਾਪ-ਮਈ ਸਥਿਤੀਆਂ ਕਾਰਨ ਹੀ ਇੱਥੋਂ ਦੇ ਲੋਕ ਧੀਆਂ ਨੂੰ ਕੁੱਖ ਵਿਚ ਮਾਰਨ ਲਈ ਕਦਮ ਚੁੱਕਦੇ ਹਨ।।

ਕਹਾਣੀਕਾਰ ਨੇ ਆਪਣੀਆਂ ਕਹਾਣੀਆਂ ਵਿਚ ਪੇਸ਼ ਸਮਾਜਿਕ ਭਾਈਚਾਰੇ ਦੀ ਟੁੱਟ ਨੂੰ ਸੂਖਮਤਾ ਦੇ ਨਾਲ ਨਾਲ ਸਥੂਲ ਰੂਪ ਵਿਚ ਵੀ ਪੇਸ਼ ਕੀਤਾ ਹੈ। ਇਹ ਆਪਸੀ ਵੈਰ ਭਾਵ, ਅਣਖ, ਸਵੈ ਹੋਂਦ ਦੀ ਪ੍ਰੇਰਨਾ ਵਿਚੋਂ ਪੈਦਾ ਹੋਇਆ ਅਨੁਭਵ ਹੈ।ਕਸ਼ਮੀਰ ਸੰਕਟ ਦੌਰਾਨ ਇਹ ਵੈਰ ਭਾਵ ਨਸਲਘਾਤ ਦਾ ਰੂਪ ਧਾਰਨ ਕਰ ਲੈਂਦਾ ਹੈ। 'ਜਮੀਰ ਦੀ ਮੌਤ' ਕਹਾਣੀ ਇਸੇ ਪ੍ਰਸੰਗ ਨੂੰ ਪੇਸ਼ ਕਰਦੀ ਹੈ। ਕਹਾਣੀ ਵਿਚ ਐਸ.ਪੀ.ਓ. ਆਪਣੇ ਸੀਨੀਅਰ ਪੁਲਿਸ ਅਧਿਕਾਰੀ ਤੋਂ ਆਪਣੀ ਤਰੱਕੀ ਲਈ ਸਿਫਾਰਸ਼ ਕਰਨ ਲਈ ਕਹਿੰਦਾ ਹੈ ਪਰ ਸੀਨੀਅਰ ਅਧਿਕਾਰੀ ਉਸਨੂੰ 'ਦਲੇਰੀ ਨਾਲ ਕਾਰਨਾਮਾ' ਕਰਨ ਲਈ ਕਹਿੰਦਾ ਹੈ। ਐਸ. ਪੀ.ਓ. ਕਿਸੇ ਅੱਤਵਾਦੀ ਨੂੰ ਮਾਰਨ ਦੀ ਕਹਾਣੀ ਵੀ ਸੁਣਾਉਂਦਾ ਹੈ ਪਰ ਸੀਨੀਅਰ ਅਧਿਕਾਰੀ ਉਸਨੂੰ ਸਬੂਤ ਪੇਸ਼ ਕਰਨ ਲਈ ਕਹਿੰਦਾ ਹੈ, ਇਸ ਤਰ੍ਹਾਂ ਕਹਾਣੀ ਵਿਚ ਆਪਣੀਆਂ ਸਮਾਜਿਕ ਪ੍ਰਸ਼ਾਸਨਕ ਤਰੱਕੀਆਂ ਲਈ ਇਨਸਾਨ, ਇਨਸਾਨੀਅਤ ਦੇ ਸਾਰੇ ਫਰਜ਼ ਭੁਲਾ ਕੇ ਮਨੁੱਖਤਾ ਦਾ ਕਤਲ ਕਰਨ ਲੱਗਾ ਜਿਸ ਕਾਰਨ ਇਖ਼ਲਾਕੀ ਪੱਧਰ ਤੇ ਗਿਰਾਵਟ ਆਉਣੀ ਸੁਭਾਵਿਕ ਸੀ, ਉਸੇ ਗਿਰਾਵਟ ਨੂੰ ਕਹਾਣੀਕਾਰ ਨੇ 'ਜਮੀਰ ਦੀ ਮੌਤ' ਕਹਾਣੀ ਵਿਚ ਸ਼ਿੱਦਤ ਨਾਲ ਪੇਸ਼ ਕੀਤਾ ਹੈ। 'ਇਕੋ ਰੰਗ ਲੁਕਾਈ ਦਾ' ਕਹਾਣੀ ਆਪਣੇ ਆਪ ਵਿਚ ਸਮੁੱਚੇ ਸਮਾਜ ਨੂੰ ਸਮੋਈ ਬੈਠੀ ਹੈ। ਕਹਾਣੀ ਵਿਚ ਗਾਂਧੀ ਜੀ ਦੇ ਤਿੰਨ ਬਾਂਦਰਾਂ ਦੇ ਆਸ ਪਾਸ ਕਹਾਣੀ ਵਿਚਰਦੀ ਹੈ ਤੇ ਆਪਣਾ ਸੰਦੇਸ਼ ਦੇ ਕੇ ਕਹਾਣੀ ਖਤਮ ਹੋ ਜਾਂਦੀ ਹੈ। ਕਹਾਣੀ ਵਿਚੋਂ ਬੰਦੇ ਦੀ ਘਟਦੀ ਕੀਮਤ ਨੂੰ ਇਕ ਬਾਂਦਰ ਇਸ ਤਰ੍ਹਾਂ ਪੇਸ਼ ਕਰਦਾ ਹੈ, ਇਸ ਤਰ੍ਹਾਂ ਕਹਾਣੀਕਾਰ ਨੇ ਦਿਨ ਪ੍ਰਤੀ ਦਿਨ ਬੰਦੇ ਦੀ ਘਟਦੀ ਕੀਮਤ, ਮਨੁੱਖਤਾ ਵਿਚ ਘਟਦੀ ਇਨਸਾਨੀਅਤ, ਨਿਊਨ ਹੁੰਦੇ ਨੈਤਿਕ ਮੁੱਲ ਨੂੰ ਸਮਕਾਲੀ ਭੱਜ ਨੱਠ ਦੇ ਸਨਮੁੱਖ ਰੱਖ ਕੇ ਪੇਸ਼ ਕੀਤਾ ਹੈ, ਜਿੱਥੇ ਪੂੰਜੀ ਸਾਹਮਣੇ ਬੰਦੇ ਦੀ ਕੀਮਤ/ਵੈਲਯੂ ਬਿਲਕੁੱਲ ਸਿਫ਼ਰ ਹੈ। ਲੋਕਾਂ ਨੂੰ ਕਿਸੇ ਦੇ ਮਰਨ ਦਾ ਕੋਈ ਦੁੱਖ ਨਹੀਂ ਹੈ, ਬਲਕਿ ਬੰਦੇ ਦੀ ਕੀਮਤ ਕਿਸੇ ਆਵਾਰਾ ਕੁੱਤੇ ਦੇ ਮਰਨ ਜਿੰਨੀ ਹੈ। ਮਨੁੱਖ ਆਪਣੇ ਬਚਾਓ ਲਈ ਵੱਡੇ ਤੋਂ ਵੱਡੇ ਝੂਠ ਤੇ ਅੱਖਾਂ ਬੰਦ ਕਰ ਲੈਂਦਾ ਹੈ ਅਤੇ ਇਸ ਤਰ੍ਹਾਂ ਵਿਹਾਰ ਕਰਦਾ ਹੈ, ਜਿਵੇਂ ਉਹ ਕਿਸੇ ਵੀ ਅਜਿਹੀ ਘਟਨਾ ਬਾਰੇ ਬਿਲਕੁੱਲ ਵੀ ਨਹੀਂ ਜਾਣਦਾ ਜਿਸ ਕਾਰਨ ਮਨੁੱਖਤਾ ਸ਼ਰਮਸਾਰ ਹੋਈ ਹੋਵੇ, ਇਸ ਕਹਾਣੀ ਵਿਚ ਹੀ ਤੀਜਾ ਬਾਂਦਰ ਦੱਸਦਾ ਹੈ, ਇਸ ਪ੍ਰਕਾਰ ਕਹਾਣੀਕਾਰ ਨੇ ਸਮਕਾਲੀ ਮਨੁੱਖ ਦੀ ਯਥਾਰਥ ਤੋਂ ਭਾਂਜਵਾਦੀ ਦ੍ਰਿਸ਼ਟੀ ਨੂੰ ਪੇਸ਼ ਕੀਤਾ ਹੈ। ਅਜੋਕਾ ਮਨੁੱਖ ਆਪਣੇ ਸੁੱਖ ਸਹੂਲਤ ਲਈ ਅਸਹਿ ਵਰਤਾਰਿਆਂ ਤੋਂ ਅੱਖਾਂ ਮੀਟ ਕੇ ਆਪਣੇ ਕੰਮ ਵਿਚ ਵਿਅਸਥ ਰਹਿੰਦਾ ਹੈ। ਕਹਾਣੀ ਵਿਚ ਇਕ ਘਟਨਾ ਹੋਰ ਹੈ ਜੋ ਨਾਰੀ ਸੰਤਾਪ ਨਾਲ ਸੰਬੰਧਤ ਹੈ। ਕਹਾਣੀ ਵਿਚ ਕਹਾਣੀਕਾਰ ਨੇ ਤਿੰਨ ਘਟਨਾਵਾਂ ਨੂੰ ਸਮਾਜਿਕ ਉਪਦ੍ਰਵ ਵਜੋਂ ਪੇਸ਼ ਕੀਤਾ ਹੈ। ਪਹਿਲੀ ਘਟਨਾ ਅਜੋਕੇ ਵਿਕਸਤ ਪੂੰਜੀਵਾਦੀ ਮਾਡਲ ਵਿਚ ਬੰਦੇ ਦੀ ਘਟਦੀ ਕੀਮਤ ਨੂੰ ਪੇਸ਼ ਕਰਦੀ ਹੈ, ਦੂਜੀ ਸਮਾਜਿਕ ਯਥਾਰਥ ਤੋਂ ਅੱਖਾਂ ਮੀਟ ਕੇ ਸਵੈ ਕੇਂਦਰਿਤ ਹੋ ਰਹੇ ਮਨੁੱਖ ਨੂੰ ਪੇਸ਼ ਕਰਦੀ ਹੈ। ਤੀਜੀ, ਪੂੰਜੀਵਾਦੀ ਮਾਡਲ ਵਿਚ ਅਤਿ ਵਿਕਸਿਤ ਦੌਰ ਵਿਚ ਔਰਤ ਦੀ ਤਰਸਯੋਗ ਹਾਲਤ ਨੂੰ ਪੇਸ਼ ਕਰਦੀ ਹੈ। ਇਸ ਪ੍ਰਕਾਰ ਸਮੁੱਚੀ ਕਹਾਣੀ ਸਮਾਜ ਵਿਚ ਫੈਲੇ ਅਨੈਤਿਕ ਵਿਹਾਰ ਨੂੰ ਪੇਸ਼ ਕਰਦੀ ਹੈ। ਜਿਸ ਕਾਰਨ ਮਨੁੱਖ ਵਿਚੋਂ ਮਨੁੱਖਤਾ ਦਿਨ ਪ੍ਰਤੀ ਦਿਨ ਲਾਪਤਾ ਹੋ ਰਹੀ ਹੈ। ਮਨੁੱਖ ਦੇ ਆਤਮ ਕੇਂਦਰਿਤ, ਸਵੈ ਕੇਂਦਰਿਤ ਹੋਣ ਦੀ ਦਾਸਤਾਨ ਹੀ 'ਕੌਡੀ ਦਮੜੀ ਪੱਲੇ ਨਾ ਕਾਈ' ਅਤੇ 'ਜਾਗਦੇ ਜ਼ਮੀਰ ਦੀ ਆਵਾਜ਼' ਕਹਾਣੀ ਵਿਚ ਪੇਸ਼ ਹੋਈ ਹੈ। ਮਨੁੱਖ ਵਿਚ ਪੈਦਾ ਹੋ ਰਹੀ ਅਸੰਤੁਸ਼ਟਤਾ ਨੂੰ ਇਸ ਕਹਾਣੀ ਰਾਹੀਂ ਰੂਪਮਾਨ ਕੀਤਾ ਗਿਆ ਹੈ। ਅਜੋਕਾ ਮਨੁੱਖ 'ਉਪਰ ਉੱਡਣ' ਭਾਵ ਹਰੇਕ ਸ਼ੈਅ ਪ੍ਰਾਪਤ ਕਰਨ ਦੀ ਲਾਲਸਾ ਨਾਲ

ਜਿਉਂਦਾ ਹੈ। ਉਹ ਇਸ ਲਾਲਸਾ ਵਿਚ ਇਸ ਤਰ੍ਹਾਂ ਗ੍ਰਸਿਆ ਜਾਂਦਾ ਹੈ। ਉਸਨੂੰ ਆਪਣੇ ਆਪ ਨੂੰ ਇਹ ਗਿਆਨ ਨਹੀਂ ਰਹਿੰਦਾ ਕਿ ਉਹ ਕਦੋਂ ਆਪਣੇ ਮੂਲ ਨਾਲੋਂ ਟੁਟ ਗਿਆ, ਆਪਣੇ ਮੂਲ ਖ਼ਾਸੇ ਨਾਲੋਂ ਟੁੱਟ ਕੇ ਮਨੁੱਖ ਯਤੀਮਾਂ ਵਾਂਗ ਜੀਵਨ ਬਤੀਤ ਕਰਦਾ ਹੈ, ਜਿਸ ਕਾਰਨ ਉਸ ਵਿੱਚ 'ਇਕੱਲਤਾ' ਪੈਦਾ ਹੁੰਦੀ ਹੈ, ਇਹ ਇਕੱਲਤਾ ਉਸਨੂੰ ਆਪਣੇ ਆਲ਼ੇ ਦੁਆਲ਼ੇ ਨਾਲੋਂ ਤੋੜਦੀ ਹੈ। ਆਪਸੀ ਪਿਆਰ, ਮੋਹ, ਭਾਵਨਾ ਤੋਂ ਸੱਖਣਾ ਮਨੁੱਖ 'ਬੇਗਾਨਗੀ' ਦੇ ਅਹਿਸਾਸ ਵਿਚ ਜਿਉਂਦਾ ਹੈ। ਇਹ ਬੇਗਾਨਗੀ ਉਸਨੂੰ ਸਮੁੱਚੇ ਸਮਾਜ ਵਿਚ ਰਹਿੰਦਿਆਂ ਹਰੇਕ ਪਲ ਦੂਜੇ ਤੋਂ ਵੱਖਰਾ ਹੋਣ ਦਾ ਅਹਿਸਾਸ ਕਰਵਾਉਂਦੀ ਹੈ। ਸਿੱਟੇ ਵਜੋਂ ਆਪਸੀ ਭਾਈਚਾਰਕ ਸਾਂਝ, ਨੈਤਿਕ ਮੁੱਲਾਂ ਦਾ ਪਤਨ ਹੋਣਾ ਸੁਭਾਵਿਕ ਹੈ। ਇਸੇ ਕਾਰਨ 'ਜਾਗਦੇ ਜ਼ਮੀਰ ਦੀ ਆਵਾਜ਼' ਕਹਾਣੀ ਵਾਂਗ ਉਸਦੀਆਂ 'ਪੀੜਾਂ ਦਾ ਕੋਈ ਗਾਹਕ ਨਹੀਂ' ਬਣਦਾ। ਕਿਉਂ ਕਿ ਕਿਸੇ ਕੋਲ ਵੀ ਦੂਜੇ ਮਨੁੱਖ ਦੇ ਦੁੱਖਾਂ ਵਿਚ ਸ਼ਰੀਕ ਹੋਣ ਦਾ ਸਮਾਂ ਨਹੀਂ ਹੈ। ਸਮਾਜ ਵਿਚ ਵਧਦੇ ਅਨੈਤਿਕ ਵਿਹਾਰਾਂ ਨੂੰ ਕਹਾਣੀਕਾਰ ਨੇ ਕਹਾਣੀ ਦੇ ਮਾਧਿਅਮ ਨਾਲ ਪੇਸ਼ ਕੀਤਾ ਹੈ।

'ਲਕੀਰ' ਕਹਾਣੀ ਵਿਚ ਸਜਾਵਲ ਅਤੇ ਸਾਬਰੀ ਵੀ ਇਸੇ ਪ੍ਰਕਾਰ ਦਾ ਸੰਤਾਪ ਹੀ ਹੰਢਾਉਂਦੇ ਹਨ। ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਦੀ ਸਥਿਤੀ ਤਰਸਯੋਗ ਹੀ ਹੁੰਦੀ ਹੈ ਪਰ ਕਹਾਣੀਕਾਰ ਨੇ ਔਰਤ ਦੀ ਸਮਾਜਿਕ ਦਸ਼ਾ ਨੂੰ ਮਰਦ ਦੇ ਬਰਾਬਰ ਦੀ ਧਿਰ ਬਣਾ ਕੇ ਪੇਸ਼ ਕੀਤਾ ਹੈ। ਮਰਦ ਔਰਤ ਦੀ ਪ੍ਰਾਪਤੀ ਲਈ ਹੱਦੋਂ ਵੱਧ ਤਰਲੇ ਕਰਦਾ ਪ੍ਰਤੀਤ ਹੁੰਦਾ ਹੈ। ਇਸ਼ਕ ਮਲੰਗੀ ਕਹਾਣੀ ਵਿਚ ਕਾਲ਼ੇ ਖਾਨ ਫਿਰੋਜਾ ਦੀਆਂ ਮਿੰਨਤਾਂ ਕੱਢਦਾ ਹੈ ਕਿ ਉਸਨੂੰ ਉਹ ਆਪਣੇ ਦਿਲ ਚ ਥਾਂ ਦੇਵੇ, ਇਸ ਤਰ੍ਹਾਂ ਹੀ 'ਇਸ਼ਕ ਦੀ ਨਵੀਓਂ-ਨਵੀਂ ਬਹਾਰ' ਵਿਚ ਕਾਜੀ ਸੰਗੀਤਾ ਨੂੰ ਹਾਸਲ ਕਰਨ ਲਈ ਚਿੱਲਾ ਕੱਟਦਾ ਹੈ। ਪਰ ਹਾਸਿਲ ਦੋਵਾਂ ਨੂੰ ਕੁਝ ਨਹੀਂ ਹੁੰਦਾ ਕਾਲੇ ਖਾਨ ਨੂੰ ਫਿਰੋਜਾ ਤੋਂ ਫਿਟਕਾਰ ਮਿਲਦੀ ਹੈ ਅਤੇ ਕਾਜੀ ਨੂੰ ਉਸਦੇ ਦੋਸਤਾਂ ਦੀ ਹਮਦਰਦੀ ਮਿਲਦੀ ਹੈ। ਕਹਾਣੀਕਾਰ ਨੇ ਆਪਣੀਆਂ ਕਹਾਣੀਆਂ ਵਿਚ ਜਾਗਰੂਕ ਤੇ ਚੇਤੰਨ ਔਰਤ ਦਾ ਸੰਕਲਪ ਸਿਰਜਣ ਦੀ ਕੋਸ਼ਿਸ਼ ਕੀਤੀ ਹੈ,ਇਸ ਲਈ ਉਹ ਫਿਰੋਜਾ ਅਤੇ ਨਸੀਬੋ (ਸ਼ਾਦਾਂ ਬਿੱਲੀ ਜੰਮੂ ਵਾਲੀ) ਨੂੰ ਸਿਰਫ਼ ਮੁਹੱਬਤ, ਪਿਆਰ ਵਿੱਚ ਗ਼ਲਤਾਨ ਨਹੀਂ ਪੇਸ਼ ਕਰਦਾ ਬਲਕਿ ਉਹ ਆਪਣੇ ਯਥਾਰਥ ਤੋਂ ਪੂਰੀ ਤਰ੍ਹਾਂ ਜਾਣੂੰ ਹਨ ਉਹ ਮਰਦ ਦੇ ਉਸ ਪੱਖ ਨੂੰ ਚੰਗੀ ਤਰ੍ਹਾਂ ਜਾਣਦੀਆਂ ਹਨ ਜਿਸ ਕਾਰਨ ਮਰਦ ਉਨ੍ਹਾਂ ਨੂੰ ਇੱਜ਼ਤ ਦੇਣ ਦਾ ਦਿਖਾਵਾ ਕਰਦਾ ਹੈ। ਇਸ ਕਰਕੇ ਹੀ ਫਿਰੋਜਾ ਕਹਿੰਦੀ ਹੈ,

*"ਇਨ੍ਹਾਂ ਦਾ ਪ੍ਰੇਮ ਦਿਖਾਵਾ, ਧਰਮ ਦਿਖਾਵਾ ਤੇ ਕਰਮ ਦਿਖਾਵਾ। ਇਹ ਬਾਹਰੋਂ ਖਾਂਦੇ ਪਿਆਰ ਦੀਆਂ ਕਸਮਾਂ ਪਰ ਅੰਦਰ ਸੁਲਘਦਾ ਕਾਮ ਦਾ ਲਾਵਾ। ਮੈਂ ਸਾਰੇ ਲੱਛਣ ਸਮਝਦੀ ਹਾਂ।"*[7]

ਇਸ ਤਰ੍ਹਾਂ ਹੀ ਨਸੀਬੋ ਵੀ ਆਪਣੀ ਹੋਣੀ ਤੋਂ ਜਾਣੂ ਸੀ ਇਸ ਲਈ ਉਹ ਸਰਦਾਰ ਤੋਂ ਮਾਲ ਅਸਬਾਬ ਲੈ ਲੈਣਾ ਚਾਹੁੰਦੀ ਹੈ। ਦੂਜੇ ਪਾਸੇ ਕਹਾਣੀਕਾਰ ਨੇ ਔਰਤ ਨੂੰ ਇਕ ਜ਼ਿੰਮੇਵਾਰ ਸਮਾਜਿਕ ਧਿਰ ਵਜੋਂ ਸਥਾਪਿਤ ਕੀਤਾ ਹੈ। ਇਸ ਕਹਾਣੀ ਵਿਚ ਹੀ ਮੈਂ ਪਾਤਰ ਕਹਿੰਦਾ ਹੈ,

*"ਮੇਰੀ ਸਾਰੀ ਪੁਲਿਸ ਦੀ ਨੌਕਰੀ ਘਰੋਂ ਬਾਹਰ ਹੀ ਲੰਘ ਗਈ। ਮੇਰੀ ਬੀਵੀ ਨੇ ਸਾਰੀਆਂ ਘਰੇਲੂ ਜ਼ਿੰਮੇਦਾਰੀਆਂ ਨੂੰ ਨਿਭਾਇਆ। ਬੱਚਿਆਂ ਨੂੰ ਪੜ੍ਹਾਇਆ, ਲਿਖਾਇਆ ਤੇ ਰੁਜ਼ਗਾਰ ਦੇ ਕਾਬਿਲ ਬਣਾਇਆ। ਦੋਵਾਂ ਧੀਆਂ ਲਈ ਚੰਗੇ ਰਿਸ਼ਤੇ ਲੱਭੇ। ਇਕ ਸੁੱਘੜ ਸੁਆਣੀ ਵਾਂਗ ਖਾਨਦਾਨ ਤੇ ਰਿਸ਼ਤੇਦਾਰਾਂ ਵਿੱਚ ਮੇਰੀ ਇੱਜ਼ਤ ਨੂੰ ਸ਼ੋਹਰਤ ਬਖਸ਼ੀ।"*[8]

ਇਸ ਤੋਂ ਇਲਾਵਾ ਇਸ ਕਹਾਣੀ ਸੰਗ੍ਰਹਿ ਵਿਚੋਂ ਔਰਤ ਦੀ ਮਾਰਮਿਕ ਸਥਿਤੀ ਦਾ ਵੀ ਪਤਾ ਚੱਲਦਾ ਹੈ। ' ਜਿਨ੍ਹਾਂ ਖਾਧੀ ਚੋਪੜੀ' ਕਹਾਣੀ ਵਿਚ ਚੌਧਰੀ ਦਾ ਪੁੱਤ ਆਪਣੀ ਪਤਨੀ ਨਾਲ ਕੁੱਟ ਮਾਰ ਕਰਦਾ ਹੈ। 'ਇਕੋ ਰੰਗ ਲੁਕਾਈ ਦਾ' ਕਹਾਣੀ ਵਿਚ ਔਰਤ ਨੂੰ ਦਾਜ ਕਾਰਨ ਤੰਗ ਕਰਨਾ ਅਤੇ ਧੀ ਨੂੰ ਕੁੱਖ ਵਿਚ ਮਾਰਨ ਦੇ ਹਵਾਲੇ ਨਜ਼ਰ ਆਉਂਦੇ ਹਨ। 'ਸ਼ਾਦਾਂ ਬਿੱਲੀ ਜੰਮੂ ਵਾਲੀ' ਵਿਚ ਵੇਸਵਾ/ਧੰਦੇ ਵਿਚ ਪਈ ਔਰਤ ਦੇ ਦੁਖਾਂਤ ਨੂੰ ਪੀੜ੍ਹੀ ਦਰ ਪੀੜ੍ਹੀ ਸਿਰਜਿਆ ਗਿਆ ਹੈ। ਇਸ ਤਰ੍ਹਾਂ ਹੀ 'ਜਿੰਦ ਕੜਾਹੀ ਸਾੜ ਮੁਕਾਈ' ਵਿਚ ਸਲਾਮ ਪੰਡਿਤ ਦੀ ਵੱਡੀ ਭੈਣ ਅਤੇ ਮਾਂ ਨਾਲ ਜ਼ਬਰਦਸਤੀ ਕੀਤੀ ਗਈ। ਇਸ ਤਰ੍ਹਾਂ ਕਹਾਣੀਕਾਰ ਨੇ ਕਸ਼ਮੀਰ ਦੇ ਸਮਾਜਿਕ ਜੀਵਨ ਵਿਚ ਔਰਤਾਂ ਅਤੇ ਨਿਤਾਣਿਆ, ਗਰੀਬਾਂ ਦੀ ਤਰਸਯੋਗ ਸਥਿਤੀ ਨੂੰ ਆਪਣੀ ਕਹਾਣੀਆਂ ਰਾਹੀਂ ਪੇਸ਼ ਕੀਤਾ ਹੈ। ਇਸ ਤਰ੍ਹਾਂ ਖ਼ਾਲਿਦ ਹੁਸੈਨ ਨੇ ਕਸ਼ਮੀਰੀ ਸਮਾਜ ਵਿੱਚ ਪਦਾਰਥਵਾਦੀ ਸੋਚ ਧਾਰਨ ਕਰਕੇ ਬਦਲਦੇ ਮਨੁੱਖੀ ਰਿਸ਼ਤਿਆਂ ਦੇ ਸੱਚ ਨੂੰ ਇਸ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਵਿੱਚ ਸਿਰਜਿਆ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਖ਼ਾਲਿਦ ਹੁਸੈਨ, ਸੂਲਾਂ ਦਾ ਸਾਲਣੁ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ-2015, ਪੰਨਾ: 9.*
2. *ਓਹੀ, ਪੰਨਾ: 31.*
3. *ਓਹੀ, ਪੰਨਾ: 97.*

4. ਓਹੀ, ਪੰਨਾ:97.
5. ਓਹੀ, ਪੰਨਾ: 109.
6. ਓਹੀ, ਪੰਨਾ: 87.
7. ਓਹੀ, ਪੰਨਾ: 34.
8. ਓਹੀ, ਪੰਨਾ: 106.

***Cite this Article-***

*ਡਾ. ਸ਼ਾਲੂ ਰਾਣੀ (Dr. Shallu Rani), 'ਸੂਲਾਂ ਦਾ ਸਾਲਣੁ' ਕਹਾਣੀ ਸੰਗ੍ਰਹਿ ਵਿਚ ਪੇਸ਼ ਸਮਾਜ-ਸਭਿਆਚਾਰ ਦਾ ਸਮਾਜਿਕ ਪੱਖ ('SULAN DA SAALNU' KAHANI SANGRAH VICH PESH SAMAJ-SABHYACHAR DA SAMAJIK PAKH), ਅਰਮਾਨ (ARMAAN), ISSN: 2583-9446, Volume 3, Issue 2, April-June 2025, Page: 91-96.*

***Journal URL:* *www.armaan.org.in***

***DOI:* *https://doi.org/10.64119/armaan.vol.3.issue2.16***

*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*